# Telephonic conversation between Prime Minister and King of Bhutan

September 17, 2020

## ਪ੍ਰਧਾਨ ਮੰਤਰੀ ਅਤੇ ਭੂਟਾਨ ਦੇ ਰਾਜਾ ਦਰਮਿਆਨ ਹੋਈ ਟੈਲੀਫੋਨ 'ਤੇ ਗੱਲਬਾਤ

17 ਸਤੰਬਰ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਭੂਟਾਨ ਦੇ ਰਾਜਾ ਮਹਾਮਹਿਮ ਜਿਗਮੇ ਖੇਸਰ ਨਾਮਗਏਲ ਵਾਂਗਚੁਕ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਮਹਾਮਹਿਮ ਰਾਜਾ ਨੇ ਪ੍ਰਧਾਨ ਮੰਤਰੀ ਦੇ 70ਵੇਂ ਜਨਮਦਿਨ ਦੇ ਮੌਕੇ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ। ਪ੍ਰਧਾਨ ਮੰਤਰੀ ਨੇ ਧੰਨਵਾਦ ਸਹਿਤ ਉਨ੍ਹਾਂ ਦੀ ਮੁਬਾਰਕਬਾਦ ਸਵੀਕਾਰ ਕੀਤੀ ਅਤੇ ਭੂਟਾਨ ਦੇ ਮਹਾਮਹਿਮ  ਰਾਜਾ, ਭੂਟਾਨ ਦੇ ਮਹਾਮਹਿਮ ਸਾਬਕਾ ਰਾਜਾ ਅਤੇ ਭੂਟਾਨ ਦੇ ਸ਼ਾਹੀ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਆਪਣੇ ਵੱਲੋਂ ਸਤਿਕਾਰ ਭੇਟ ਕੀਤਾ।

ਦੋਨਾਂ ਆਗੂਆਂ ਨੇ ਗੁਆਂਢੀਆਂ ਅਤੇ ਦੋਸਤਾਂ ਦੇ ਤੌਰ 'ਤੇ ਭਾਰਤ ਅਤੇ ਭੂਟਾਨ ਦੇ ਭਰੋਸੇ ਅਤੇ ਪਿਆਰ ਵਾਲੇ ਅਨੌਖੇ ਸਬੰਧਾਂ ਦੀ ਗੱਲ ਕੀਤੀ। ਪ੍ਰਧਾਨ ਮੰਤਰੀ ਨੇ ਭੂਟਾਨ ਦੇ ਰਾਜਿਆਂ ਵੱਲੋਂ ਇਸ ਵਿਸ਼ੇਸ਼ ਦੋਸਤੀ ਨੂੰ ਪ੍ਰਫੁੱਲਤ ਕਰਨ ਲਈ ਉਨ੍ਹਾਂ ਵੱਲੋਂ ਨਿਭਾਈ ਗਈ ਦਿਸ਼ਾ ਨਿਰਦੇਸ਼ਕ ਭੂਮਿਕਾ ਲਈ ਧੰਨਵਾਦ ਕੀਤਾ।

ਪ੍ਰਧਾਨ ਮੰਤਰੀ ਨੇ ਭੂਟਾਨ ਰਾਜ ਵਿੱਚ COVID -19 ਮਹਾਂਮਾਰੀ ਦੇ ਕਾਰਗਰ ਪ੍ਰਬੰਧਨ ਦੀ ਸ਼ਲਾਘਾ ਕੀਤੀ ਅਤੇ ਇਸ ਪ੍ਰਸੰਗ ਵਿੱਚ ਭੂਟਾਨ ਨੂੰ ਹਰ ਲੋੜੀਂਦੀ ਮਦਦ ਦੇਣ ਲਈ ਭਾਰਤ ਦੇ ਤਿਆਰ ਰਹਿਣ ਬਾਰੇ ਮਹਾਮਹਿਮ ਰਾਜਾ ਨੂੰ ਭਰੋਸਾ ਦੁਆਇਆ।

ਪ੍ਰਧਾਨ ਮੰਤਰੀ ਨੇ ਆਪਸੀ ਸਹੂਲਤ ਦੇ ਸਮੇਂ ਅਨੁਸਾਰ ਮਹਾਮਹਿਮ ਰਾਜਾ ਤੇ ਅਤੇ ਉਨ੍ਹਾਂ ਦੇ ਪਰਿਵਾਰ ਦਾ ਭਾਰਤ ਵਿੱਚ ਸਵਾਗਤ ਕਰਨ ਦੀ ਆਪਣੀ ਤੀਬਰ ਇੱਛਾ ਪ੍ਰਗਟਾਈ।

ਨਵੀਂ ਦਿਲੀ
17 ਸਤੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.